# ਖਸਰਾ

ਖਸਰਾ ਬਹੁਤ ਗੰਭੀਰ ਅਤੇ ਛੂਤ ਵਾਲੀ ਬੀਮਾਰੀ ਹੈ। ਜਦੋਂ ਸੰਕ੍ਰਮਿਤ ਵਿਅਕਤੀ ਸਾਹ ਲੈਂਦਾ ਹੈ, ਖੰਘਦਾ ਹੈ ਜਾਂ ਛਿੱਕਦਾ ਹੈ ਤਾਂ ਖਸਰੇ ਦਾ ਵਾਇਰਸ ਹਵਾ ਰਾਹੀਂ ਫੈਲ ਸਕਦਾ ਹੈ। ਇਸਦੇ ਲੱਛਣਾਂ ਵਿੱਚ ਸ਼ਾਮਲ ਹਨ, ਖੰਘ, ਬੁਖਾਰ, ਵਗਦਾ ਨੱਕ ਅਤੇ ਖੁਸ਼ਕ ਅੱਖਾਂ ਦੇ ਨਾਲ-ਨਾਲ ਲਾਲ ਧੱਫੜ ਜਿਹੜੇ ਚਿਹਰੇ, ਗਰਦਨ, ਹੱਥਾਂ ਅਤੇ ਲੱਤਾਂ ਤੇ ਨਿਕਲਦੇ ਹਨ।

ਟੀਕਾਕਰਣ ਦੇ ਕਾਰਨ, ਹੁਣ ਕੈਨੇਡਾ ਵਿੱਚ ਖਸਰਾ ਬਹੁਤ ਹੀ ਘੱਟ ਹੋਣ ਵਾਲੀ ਬਿਮਾਰੀ ਹੈ। ਹਾਲਾਂਕਿ, ਖਸਰਾ ਦੁਨੀਆਂ ਦੇ ਦੂਜੇ ਹਿੱਸਿਆਂ ਵਿੱਚ ਅਜੇ ਵੀ ਆਮ ਬਿਮਾਰੀ ਹੈ, ਅਤੇ ਕੈਨੇਡਾ ਵਿੱਚ ਇਸ ਬਿਮਾਰੀ ਦੇ ਵਾਪਰਨ ਦੀ ਸੰਭਵਨਾ ਹੈ। ਖਸਰੇ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਟੀਕਾਕਰਣ ਹੈ। ਜਦੋਂ ਤੁਹਾਡਾ ਟੀਕਾਕਰਣ ਹੋ ਜਾਂਦਾ ਹੈ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਮਦਦ ਵੀ ਕਰਦੇ ਹੋ। ਖਸਰਾ, ਕੰਨ ਪੇੜੇ ਅਤੇ ਰੂਬੈਲਾ (ਐਮ.ਐਮ.ਆਰ.) ਵੈਕਸੀਨ ਤੁਹਾਡੇ ਬੱਚੇ ਦੀ ਰੁਟੀਨ ਟੀਕਾਕਰਣ ਦੇ ਹਿੱਸੇ ਵਜੋਂ ਮੁਫਤ ਦਿੱਤੀ ਜਾਂਦੀ ਹੈ। ਮੁਲਾਕਾਤ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਕਾਲ ਕਰੋ। ਜੇ ਤੁਸੀਂ ਕਿਸੇ ਅਜਿਹੇ ਦੇਸ਼ ਜਾ ਰਹੇ ਹੋ ਜਿੱਥੇ ਖਸਰਾ ਆਮ ਹੈ, ਤਾਂ ਤੁਸੀਂ ਟ੍ਰੈਵਲ ਹੈਲਥ ਕਲੀਨਿਕ ਰਾਹੀਂ ਟੀਕਾਕਰਣ ਕਰਵਾ ਸਕਦੇ ਹੋ। ਆਪਣੇ ਨੇੜੇ ਦੇ ਟ੍ਰੈਵਲ ਹੈਲਥ ਕਲੀਨਿਕ ਦਾ ਪਤਾ ਕਰਨ ਲਈ, HealthLink BC ਡਾਇਰੈਕਟੀ ਵੇਖੋ।

ਖਸਰਾ ਅਤੇ ਟੀਕਾਕਰਣ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ। ਜੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ **8-1-1** ਤੇ ਕਾਲ ਕਰੋ।

## ਖਸਰੇ ਬਾਰੇ ਆਮ ਸਵਾਲ

ਖਸਰੇ ਬਾਰੇ ਕੁਝ ਆਮ ਸਵਾਲਾਂ **ਦੇ ਜਵਾਬ ਪ੍ਰਾਪਤ ਕਰੋ।** ਜਾਣੋ ਕਿ ਇਹ ਕਿਵੇਂ ਫੈਲਦਾ ਹੈ, ਚਪੇਟ ਵਿੱਚ ਆਉਣ ਦੇ ਕਿੰਨਾ ਚਿਰ ਬਾਅਦ ਲੱਛਣ ਦਿਖਾਈ ਦਿੰਦੇ ਹਨ ਅਤੇ ਕਿਹੜੇ ਲੱਛਣਾਂ ਦਾ ਖਿਆਲ ਕੀਤਾ ਜਾਂਦਾ ਹੈ। ਪਤਾ ਲਗਾਓ ਕਿ ਤੁਸੀਂ ਖਸਰੇ ਤੋਂ ਬਚਾਅ ਲਈ ਕੀ ਕਰ ਸਕਦੇ ਹੋ ਜਿਸ ਵਿੱਚ ਟੀਕਾਕਰਣ ਤੋਂ ਲੈ ਕੇ ਭੋਜਣ ਅਤੇ ਪੀਣ ਦੇ ਪਦਾਰਥ ਸਾਂਝੇ ਕਰਨ ਤੋਂ ਪਰਹੇਜ਼ ਕਰਨਾ ਸ਼ਾਮਲ ਹੁੰਦਾ ਹੈ।

## ਵਿਸ਼ੇਸ਼ ਵਿਸ਼ੇ

### ਖਸਰਾ

ਜਾਣੋ ਕਿ ਖਸਰਾ ਕਿਵੇਂ ਫੈਲਦਾ ਹੈ ਅਤੇ ਇਸਦੇ ਕੀ ਲੱਛਣ ਹਨ। ਇਹ ਪਤਾ ਕਰੋ ਕਿ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਖਸਰਾ ਹੈ ਤਾਂ ਕੀ ਕਰਨਾ ਹੈ ਅਤੇ ਦੂਜਿਆਂ ਨੂੰ ਖਸਰਾ ਪ੍ਰਭਾਵਿਤ ਹੋਣ ਤੋਂ ਕਿਵੇਂ ਰੋਕਿਆ ਜਾਵੇ।

- ਖਸਰਾ (HealthLinkBC File #14b)
- ਖਸਰਾ (ਰੁਬੇਲਾ)
- ਖਸਰੇ ਦੇ ਧੱਫੜ

### ਖਸਰੇ ਦੇ ਟੀਕੇ

ਉਹ ਟੀਕੇ ਜੋ ਖਸਰੇ ਤੋਂ ਬਚਾਅ ਕਰਦੇ ਹਨ, ਤੁਹਾਡੇ ਬੱਚੇ ਦੀ ਰੁਟੀਨ ਟੀਕਾਕਰਣ ਦਾ ਹਿੱਸਾ ਹਨ। ਤੁਹਾਡੇ ਬੱਚੇ ਨੂੰ ਟੀਕਾ ਕਦੋਂ ਲਗਵਾਉਣਾ ਚਾਹੀਦਾ ਹੈ, ਟੀਕਾਕਰਣ ਦੇ ਲਾਭ ਅਤੇ ਹੋਰ ਬਹੁਤ ਕੁਝ ਦੀ ਜਾਣਕਾਰੀ ਹਾਸਿਲ ਕਰੋ।

- ਖਸਰਾ, ਕੰਨ ਪੇੜਾ, ਰੂਬੈਲਾ (ਐਮਐਮਆਰ) ਵੈਕਸੀਨ (HealthLinkBC File #14a)
- ਖਸਰਾ, ਕੰਨ ਪੇੜੇ, ਰੂਬੈਲਾ ਅਤੇ ਵੇਰੀਸੇਲਾ (ਐਮਐਮਆਰਵੀ) ਵੈਕਸੀਨ (HealthLinkBC File #14e)

### ਟੀਕਾਕਰਣ

ਟੀਕਾਕਰਣ ਕਰਵਾਉਣਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਨੂੰ ਗੰਭੀਰ ਅਤੇ ਕਦੇ-ਕਦੇ ਜਾਨ ਲੇਵਾ ਬਿਮਾਰੀਆਂ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਜਦੋਂ ਤੁਹਾਡਾ ਟੀਕਾਕਰਣ ਹੋ ਜਾਂਦਾ ਹੈ ਤਾਂ, ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਮਦਦ ਕਰਦੇ ਹੋ। ਬ੍ਰਿਟਿਸ਼ ਕੋਲੰਬੀਆ ਵਿੱਚ ਸਾਡੀ ਟੀਕਾਕਰਣ ਸਿਹਤ ਵਿਸ਼ੇਸ਼ਤਾ 'ਤੇ ਜਾ ਕੇ ਟੀਕਾਕਰਣ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ।

- ਤੁਹਾਡੇ ਬੱਚੇ ਲਈ ਬਿਹਤਰ ਟੀਕਾਕਰਣ ਅਨੁਭਵ (HealthLinkBC File #50e)
- ਬੀ.ਸੀ. ਟੀਕਾਕਰਣ ਸਾਰਣੀ
- ਬਚਪਨ ਵਿੱਚ ਲੱਗਣ ਵਾਲੇ ਟੀਕੇ ਸੁਰੱਖਿਅਤ ਹਨ (HealthLinkBC File #50c)
- ਤੁਹਾਡੇ ਬੱਚੇ ਲਈ ਟੀਕਾਕਰਣ ਦੇ ਲਾਭ (HealthLinkBC File #50b)
- ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਅਤੇ ਟੀਕੇ (HealthLinkBC File #50a)

### ਟ੍ਰੈਵਲ ਹੈਲਥ

ਟੀਕਾਕਰਣ ਕਰਵਾਉਣਾ ਤੁਹਾਡੇ ਸਫ਼ਰ ਦੀ ਯੋਜਨਾ ਦਾ ਇਕ ਅਹਿਮ ਹਿੱਸਾ ਹੋਣਾ ਚਾਹੀਦਾ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ ਸਾਡੀ ਟੀਕਾਕਰਣ ਸਿਹਤ ਵਿਸ਼ੇਸ਼ਤਾ ਤੇ ਜਾ ਕੇ ਟੀਕਾਕਰਣ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ। ਕੈਨੇਡਾ ਤੋਂ ਬਾਹਰ ਸਫ਼ਰ ਕਰਨ ਲੱਗਿਆਂ ਟੀਕਾਕਰਣ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ:

- ਯਾਤਰੀਆਂ ਲਈ ਸਿਹਤ ਸਬੰਧੀ ਸਲਾਹ (HealthLinkBC File #41a)
- ਟ੍ਰੈਵਲ ਹੈਲਥ
- ਬਾਲਗਾਂ ਲਈ ਯਾਤਰਾ ਟੀਕਾਕਰਨ (HealthLinkBC File #41c)
- ਬੱਚਿਆਂ ਨਾਲ ਯਾਤਰਾ ਕਰਨਾ (HealthLinkBC File #41d)
- ਟ੍ਰੈਵਲ ਹੈਲਥ ਨੋਟਿਸ

## ਤੁਹਾਡੀ ਸਿਹਤ ਅਥਾਰਟੀ

ਕੁਝ ਸਿਹਤ ਅਧਿਕਾਰੀ ਖਸਰੇ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਹੇਠਾਂ ਦਿੱਤੇ ਲਿੰਕ ਵੇਖੋ।

- ਫਰਸਟ ਨੇਸ਼ਨਜ਼ ਹੈਲਥ ਅਥਾਰਿਟੀ: ਖਸਰਾ
- ਫਰੇਜ਼ਰ ਹੈਲਥ (Fraser Health)
    - ਖਸਰਾ
    - ਸਿਹਤ ਦੇਖਭਾਲ ਪ੍ਰਦਾਤਿਆਂ ਲਈ ਖਸਰੇ ਬਾਰੇ ਚੇਤਾਵਨੀ – ਵੈਨਕੂਵਰ ਕੋਸਟਲ ਹੈਲਥ ਖਸਰਾ ਫੈਲਣ ਦੀ ਸ਼ੁਰੂਆਤ
- ਅੰਦਰੂਨੀ ਸਿਹਤ: ਯਕੀਨੀ ਬਣਾਓ ਕਿ ਖਸਰੇ ਤੋਂ ਟੀਕਾਕਰਣ ਅੱਪਟੂ ਡੇਟ ਹੈ
- ਆਈਲੈਂਡ ਸਿਹਤ: ਖਸਰਾ

- ਵੈਨਕੂਵਰ ਕੋਸਟਲ ਹੈਲਥ
    - ਖਸਰਾ
    - VCH ਵਿਚ ਖਸਰਾ

ਤੁਸੀਂ ਆਪਣੇ ਸਥਾਨਕ ਜਨਤਕ ਸਿਹਤ ਇਕਾਈ, ਕਮਿਊਨਿਟੀ ਹੈਲਥ ਸੈਂਟਰ, ਪ੍ਰਾਇਮਰੀ ਕੇਅਰ ਹੋਮ, ਡਾਕਟਰ ਦੇ ਦਫ਼ਤਰ, ਯਾਤਰਾ ਸਿਹਤ ਕਲੀਨਿਕਾਂ ਅਤੇ ਫਾਰਮੇਸੀਆਂ (5 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਵਿਅਕਤੀਆਂ ਲਈ) ਤੋਂ ਖਸਰੇ ਦੀ ਵੈਕਸੀਨ ਪ੍ਰਾਪਤ ਕਰ ਸਕਦੇ ਹੋ।

ਇਮੁਨਜ਼ਿੲਭਛ ਤੇ ਤੁਸੀਂ ਆਪਣੀ ਨਜ਼ਦੀਕੀ ਹੈਲਥ ਯੂਨਿਟ ਪਤਾ ਕਰ ਸਕਦੇ ਹੋ। ਯਾਤਰਾ ਨਾਲ ਸਬੰਧਿਤ ਵੈਕਸੀਨ ਪ੍ਰਾਪਤ ਕਰਨ ਲਈ ਟ੍ਰੈਵਲ ਹੈਲਥ ਕਲੀਨਿਕ ‘ਤੇ ਜਾਓ। ਇਸਦੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਪਹਿਲਾਂ ਹੀ ਫੋਨ ਕਰ ਲਵੋ ਤਾਂ ਕਿ ਪਤਾ ਲੱਗ ਸਕੇ ਕਿ ਵੈਕਸੀਨ ਸਟਾਕ ਵਿਚ ਹੈ।

## ਉਪਯੋਗੀ ਵੈਬਸਾਈਟਾਂ

### ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀਸੀਸੀਡੀਸੀ)

ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀਸੀਸੀਡੀਸੀ) ਸੂਬਾਈ ਹੈਲਥ ਸਰਵਿਸਿਜ਼ ਅਥਾਰਟੀ ਦੀ ਇੱਕ ਏਜੰਸੀ ਹੈ। ਉਹ ਜਨਤਕ ਸਿਹਤ ਵਿੱਚ ਨਿਗਰਾਨੀ, ਖੋਜ, ਰੋਕਥਾਮ ਅਤੇ ਮਸ਼ਵਰੇ ਦੁਆਰਾ ਸੂਬਾਈ ਅਤੇ ਕੌਮੀ ਲੀਡਰਸ਼ਿਪ ਪ੍ਰਦਾਨ ਕਰਦੇ ਹਨ। ਉਹ ਜਨਤਾ ਦੀ ਸਿਹਤ 'ਤੇ ਅਸਰ ਪਾਉਣ ਵਾਲੀ ਬਿਮਾਰੀਆਂ ਤੋਂ ਪੀੜਿਤ ਲੋਕਾਂ ਨੂੰ ਸਿੱਧੇ ਨਿਦਾਨ ਅਤੇ ਇਲਾਜ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ। ਖਸਰੇ ਅਤੇ ਖਸਰੇ ਦੇ ਟੀਕਾਕਰਣ ਬਾਰੇ ਵਧੇਰੇ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ 'ਤੇ ਕਲਿੱਕ ਕਰੋ।

- ਖਸਰਾ
- ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਖਸਰੇ ਬਾਰੇ ਜਾਣਕਾਰੀ
- ਖਸਰੇ ਦਾ ਟੀਕਾਕਰਨ

### ImmunizeBC

ਇਮਯੂਨਾਈਜ਼ ਬੀਸੀ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਸਿਹਤ ਵਿੱਚ ਸੁਧਾਰ ਕਰਨ ਅਤੇ ਵਿਅਕਤੀਆਂ, ਪਰਿਵਾਰਾਂ ਅਤੇ ਸਿਹਤ ਦੇਖਭਾਲ ਪ੍ਰਦਾਤਾਵਾਂ ਨੂੰ ਟੀਕਾਕਰਣ ਬਾਰੇ ਜਾਣਕਾਰੀ ਦੇ ਕੇ ਟੀਕਾਕਰਣ ਨਾਲ-ਰੋਕਥਾਮ ਵਾਲੀਆਂ ਬਿਮਾਰੀਆਂ ਦੇ ਸੰਕ੍ਰਮਣਾਂ ਦੀ ਗਿਣਤੀ ਨੂੰ ਘਟਾਉਣ ਲਈ ਕੰਮ ਕਰਦੀ ਹੈ। ਟੀਕਾਕਰਣ ਜੀਵਨ ਬਚਾ ਸਕਦਾ ਹੈ। ਆਮ ਟੀਕਾਕਰਣ ਬਾਰੇ ਅਤੇ ਇਸ ਬਾਰੇ ਹੋਰ ਜਾਣੋ ਕਿ ਉਨ੍ਹਾਂ ਨੂੰ ਕਿਉ ਲੈਣਾ ਚਾਹੀਦਾ ਹੈ ਅਤੇ ਸਮੇਂ ਸਮੇਂ ਤੇ ਤੁਹਾਨੂੰ ਟੀਕਾਕਰਣ ਕਰਵਾਉਣਾ ਇੰਨਾ ਜ਼ਰੂਰੀ ਕਿਉਂ ਹੈ?

- Immunize BC

### ਪਬਲਿਕ ਹੈਲਥ ਏਜੰਸੀ ਆਫ਼ ਕੈਨੇਡਾ (ਜਨਤਕ ਸਿਹਤ ਏਜੰਸੀ ਕੈਨੇਡਾ) (ਪੀਐਚਏਸੀ)

ਕੈਨੇਡਾ ਦੀ ਕੌਮੀ ਸਿਹਤ ਏਜੰਸੀ, ਫੈਡਰਲ ਏਜੰਸੀ ਹੈ ਜੋ ਸਿਹਤ ਨੂੰ ਵਧਾਵਾ ਦੇਣ, ਪੁਰਾਣੀਆਂ ਬੀਮਾਰੀਆਂ, ਸੱਟਾਂ ਅਤੇ ਛੂਤ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਨਿਯੰਤ੍ਰਿਤ ਕਰਨ ਅਤੇ ਜਨਤਕ ਸਿਹਤ ਸੰਕਟਕਾਲ ਵੇਲੇ ਤਿਆਰ ਰਹਿਣ ਅਤੇ ਉਸਦੇ ਪ੍ਰਤੀ ਜਵਾਬ ਦੇਣ ਲਈ ਜ਼ਿੰਮੇਵਾਰ ਹੈ। ਖਸਰੇ ਬਾਰੇ ਵਧੇਰੇ ਜਾਣਕਾਰੀ ਲਈ, ਕਿ ਇਹ ਕਿਵੇਂ ਫੈਲਦਾ ਹੈ ਅਤੇ ਇਹ ਕਿਵੇਂ ਰੋਕਿਆ ਜਾ ਸਕਦਾ ਹੈ, ਹੇਠਾਂ ਦਿੱਤੇ ਲਿੰਕ ਤੇ ਕਲਿਕ ਕਰੋ।

- ਖਸਰਾ

**ਪਿਛਲੀ ਵਾਰ ਅਪਡੇਟ ਕੀਤਾ:** ਫਰਵਰੀ 25, 2019